ਲੈਟਵੀਆ

# ਰਿਸੈਪਸ਼ਨ 'ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ



ਇਹ ਜਾਣਕਾਰੀ ਤੁਹਾਡੇ ਲਈ ਹੈ ਜੇਕਰ:

- ਤੁਸੀਂ ਇੱਕ ਬਾਲਗ ਹੋ (18 ਸਾਲ ਤੋਂ ਵੱਧ ਉਮਰ ਦੇ)
- ਤੁਸੀਂ ਲੈਟਵੀਆ ਵਿੱਚ ਅੰਤਰਰਾਸ਼ਟਰੀ ਸੁਰੱਖਿਆ (ਜਿਸਨੂੰ ਸ਼ਰਨ ਵੀ ਕਿਹਾ ਜਾਂਦਾ ਹੈ) ਲਈ ਅਰਜ਼ੀ ਦਿੱਤੀ ਸੀ ਅਤੇ ਹੁਣ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ।

PUNJABI

# ਵਿਸ਼ਾ-ਸੂਚੀ


ਰਿਸੈਪਸ਼ਨ ਕੀ ਹੈ? 3

ਤੁਹਾਨੂੰ ਕੀ ਮਿਲੇਗਾ? 6

ਸਿਹਤ ਸੰਭਾਲ ਦਾ ਅਧਿਕਾਰ 7

ਬੱਚਿਆਂ ਲਈ ਸਿੱਖਿਆ ਦਾ ਅਧਿਕਾਰ 10

ਕੰਮ ਕਰਨ ਦਾ ਅਧਿਕਾਰ 11

ਭਾਸ਼ਾ ਕੋਰਸ ਅਤੇ ਕਿੱਤਾਮੁਖੀ ਸਿਖਲਾਈ 12

ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋਣ ਦਾ ਦਸਤਾਵੇਜ਼ 13

ਤੁਸੀਂ ਕਿੱਥੇ ਰਹੋਗੇ? 13

ਉਹ ਸ਼ਰਤਾਂ ਜਿਨ੍ਹਾਂ ਵਿੱਚ ਇੱਕ ਬਿਨੈਕਾਰ ਨੂੰ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ 18

ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ? 19

ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ? 20

ਜੇਕਰ ਤੁਸੀਂ ਅਫ਼ਸਰਾਂ ਦੀ ਇਜਾਜ਼ਤ ਦੇ ਬਿਨਾਂ ਕਿਸੇ ਹੋਰ EU + ਦੇਸ਼ ਜਾਣ 'ਤੇ ਕੀ ਹੁੰਦਾ ਹੈ?? 21

ਕੀ ਹੁੰਦਾ ਹੈ ਜਦੋਂ ਤੁਹਾਨੂੰ EU+ ਦੇਸ਼ ਦੇ ਉਸ ਮੈਂਬਰ ਰਾਜ ਵਿੱਚ ਵਾਪਸ ਭੇਜ ਦਿੱਤਾ ਜਾਂਦਾ ਹੈ ਜਿਸ ਨੂੰ ਤੁਸੀਂ ਬਿਨਾਂ ਇਜਾਜ਼ਤ ਦੇ ਛੱਡਿਆ ਸੀ? 21

ਤੁਸੀਂ ਅਥਾਰਟੀ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ 22

ਤੁਹਾਨੂੰ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ 23

ਸੰਪਰਕ ਵੇਰਵੇ 24


## ਰਿਸੈਪਸ਼ਨ ਕੀ ਹੈ?

ਰਿਸੈਪਸ਼ਨ ਉਹ ਸਹਾਇਤਾ ਹੈ ਜੋ ਤੁਹਾਨੂੰ ਇੱਕ ਬਿਨੈਕਾਰ ਦੇ ਤੌਰ 'ਤੇ ਪ੍ਰਾਪਤ ਹੁੰਦੀ ਹੈ ਜਦੋਂ ਤੁਸੀਂ ਅਧਿਕਾਰੀਆਂ ਦੁਆਰਾ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਪੂਰੀ ਹੋਣ ਦੀ ਉਡੀਕ ਕਰਦੇ ਹੋ। ਇਸ ਵਿੱਚ ਰਿਸੈਪਸ਼ਨ ਅਧਿਕਾਰ ਅਤੇ ਜ਼ਿੰਮੇਵਾਰੀਆਂ ਸ਼ਾਮਲ ਹਨ ਜੋ ਇਸ ਬਰੋਸ਼ਰ ਵਿੱਚ ਸਮਝਾਈਆਂ ਗਈਆਂ ਹਨ।

ਲੈਟਵੀਆ ਵਿੱਚ ਰਿਸੈਪਸ਼ਨ ਲਈ ਜ਼ਿੰਮੇਵਾਰ ਅਥਾਰਟੀ 'ਸਟੇਟ ਬਾਰਡਰ ਗਾਰਡ' ਹੈ। ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਅਥਾਰਟੀ ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼  ਹੈ।


ਤੁਹਾਡੀ ਸ਼ਰਨ ਦੀ ਅਰਜ਼ੀ ਦੀ ਜਾਂਚ-ਪੜਤਾਲ ਕਰਨ ਲਈ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਜ਼ਿੰਮੇਵਾਰ ਅਧਿਕਾਰੀ ਹੈ।

*'ਸਟੇਟ ਬਾਰਡਰ ਗਾਰਡ'* ਦੇ ਅਧਿਕਾਰੀ ਤੁਹਾਨੂੰ ਇਸ ਬਰੋਸ਼ਰ ਦੀ ਜਾਣਕਾਰੀ ਪ੍ਰਾਪਤੀ ਦੀ ਪੁਸ਼ਟੀ/ਦਸਤਖ਼ਤ ਕਰਨ ਲਈ ਕਹੇਗਾ ਕਿ ਤੁਹਾਨੂੰ ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਮਿਲ ਗਈ ਹੈ। ਕੋਈ ਗੱਲ ਅਸਪਸ਼ਟ ਹੋਵੇ ਤਾਂ 'ਸਟੇਟ ਬਾਰਡਰ ਗਾਰਡ' ਦੇ ਅਧਿਕਾਰੀਆਂ ਨੂੰ ਪੁੱਛੋ।



**ਤੁਸੀਂ ਇਸ ਦੇਸ਼ ਵਿੱਚ ਸੁਰੱਖਿਅਤ ਹੋ।**

ਤੁਹਾਡੇ ਰਹਿਣ ਦੌਰਾਨ, 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦਾ ਅਧਿਕਾਰੀ ਤੁਹਾਨੂੰ ਤੁਹਾਡੀ ਸਥਿਤੀ ਦੇ ਆਧਾਰ 'ਤੇ ਤੁਹਾਡੇ ਲਈ ਉਪਲਬਧ ਰਿਸੈਪਸ਼ਨ ਸੇਵਾਵਾਂ ਅਤੇ ਸਹਾਇਤਾ ਬਾਰੇ ਸੂਚਿਤ ਕਰੇਗਾ।



ਤੁਸੀਂ ਹੋਰ ਸੰਗਠਨਾਂ ਤੋਂ ਵੀ ਮੁਫਤ ਜਾਣਕਾਰੀ ਅਤੇ ਮਦਦ ਮੰਗ ਸਕਦੇ ਹੋ। ਤੁਸੀਂ ਇਸ ਬਰੋਸ਼ਰ ਦੇ ਅੰਤ ਵਿੱਚ ਸੰਗਠਨਾਂ ਦੀ ਸੂਚੀ ਲੱਭ ਸਕਦੇ ਹੋ।



**ਇੱਕ ਦੁਭਾਸ਼ੀਆ** ਤੁਹਾਨੂੰ ਸਟਾਫ ਨਾਲ ਉਸ ਭਾਸ਼ਾ ਵਿੱਚ ਸੰਚਾਰ ਕਰਨ ਵਿੱਚ ਮਦਦ ਕਰੇਗਾ ਜੋ ਤੁਸੀਂ ਸਮਝਦੇ ਹੋ, ਜਿੱਥੇ ਜ਼ਰੂਰੀ ਹੋਵੇ। ਦੁਭਾਸ਼ੀਆ ਤੁਹਾਡੀ ਗੱਲ ਕਿਸੇ ਹੋਰ ਨਾਲ ਸਾਂਝੀ ਨਹੀਂ ਕਰੇਗਾ।

**ਤੁਸੀਂ ਸ਼ਰਨ ਪ੍ਰਕਿਰਿਆ ਅਤੇ ਪਾਲਣਾ ਕਰਨ ਵਾਲੇ ਨਿਯਮਾਂ ਬਾਰੇ ਜਾਣਕਾਰੀ ਵੱਖਰੇ ਬਰੋਸ਼ਰਾਂ ਵਿੱਚ ਪਾ ਸਕਦੇ ਹੋ।**

**ਤੁਸੀਂ ਹੁਣ ਲੈਟਵੀਆ ਵਿੱਚ ਹੋ ਜੋ ਕਿ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

- ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਦਾ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ

- 4 ਹੋਰ ਦੇਸ਼: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

## ਧਿਆਨ ਦਿਓ!

ਸਾਰੇ EU+ ਦੇਸ਼ਾਂ ਵਿੱਚ ਬਿਨੈਕਾਰਾਂ ਦੇ ਇੱਕੋ ਜਿਹੇ ਰਿਸੈਪਸ਼ਨ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ।

ਸ਼ਰਨ ਲਈ ਅਰਜ਼ੀ ਦੇਣ ਅਤੇ ਹੋਰ EU+ ਦੇਸ਼ਾਂ ਦੀ ਯਾਤਰਾ ਕਰਨ ਸੰਬੰਧੀ ਨਿਯਮ ਹਨ।

**ਤੁਹਾਨੂੰ ਸ਼ਰਨ ਲਈ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਆਪਣੀ ਅਰਜ਼ੀ EU+ ਦੇਸ਼ ਵਿੱਚ ਰਜਿਸਟਰ ਕਰਨੀ ਚਾਹੀਦੀ ਹੈ ਜਿੱਥੇ ਤੁਸੀਂ ਪਹਿਲੀ ਵਾਰ ਪਹੁੰਚੇ ਸੀ,** ਜਦੋਂ ਤੱਕ ਕਿ ਅਫ਼ਸਰਾਂ ਨੇ ਤੁਹਾਨੂੰ ਹੋਰ ਜਾਣਕਾਰੀ ਨਾ ਦਿੱਤੀ ਹੋਵੇ।

**ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਸਿਰਫ਼ ਕੋਈ ਇੱਕ EU+ ਦੇਸ਼ ਜ਼ਿੰਮੇਵਾਰ ਹੈ।** ਲੈਟਵੀਆ  ਦੇ ਅਧਿਕਾਰੀ ਇਹ ਫੈਸਲਾ ਕਰਨ ਲਈ ਇੱਕ ਪ੍ਰਕਿਰਿਆ ਦੀ ਪਾਲਣਾ ਕਰਨਗੇ ਕਿ ਤੁਹਾਡੀ ਸ਼ਰਣ ਅਰਜ਼ੀ ਲਈ ਕਿਹੜਾ EU+ ਦੇਸ਼ ਜ਼ਿੰਮੇਵਾਰ ਹੈ।

**ਤੁਹਾਨੂੰ ਲੈਟਵੀਆ  ਵਿੱਚ ਰਹਿਣਾ ਚਾਹੀਦਾ ਹੈ। ਤੁਸੀਂ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਨਹੀਂ ਕਰ ਸਕਦੇ ਹੋ।** ਅਜਿਹਾ ਕਰਨ 'ਤੇ ਲੈਟਵੀਆ  ਵਿੱਚ ਤੁਹਾਡੀ ਸ਼ਰਨ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ। ਦੂਜੇ ਦੇਸ਼ ਵਿੱਚ ਤੁਹਾਡੀ ਆਵਾਜਾਈ ਸੀਮਿਤ ਹੋ ਸਕਦੀ ਹੈ ਅਤੇ ਕੁਝ ਰਿਸੈਪਸ਼ਨ ਸੇਵਾਵਾਂ ਰੱਦ ਹੋ ਸਕਦੀਆਂ ਹਨ।

## ਤੁਹਾਨੂੰ ਕੀ ਮਿਲੇਗਾ?

ਜਦੋਂ ਅਧਿਕਾਰੀ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਕਰ ਰਹੇ ਹੋਣਗੇ, ਤਾਂ ਤੁਹਾਡੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਜੇਕਰ ਤੁਹਾਨੂੰ ਸ਼ਰਨਾਰਥੀ ਰਿਹਾਇਸ਼ੀ ਕੇਂਦਰ ਵਿੱਚ ਰੱਖਿਆ ਜਾਂਦਾ ਹੈ, ਤਾਂ ਤੁਹਾਨੂੰ ਇਹ ਸਹੂਲਤਾਂ ਮਿਲਣਗੀਆਂ:



- ਰਿਹਾਇਸ਼



- ਨਿੱਜੀ ਸਫਾਈ ਵਾਲੇ ਉਤਪਾਦ



- ਭੋਜਨ



- ਕੱਪੜੇ



- ਰੋਜ਼ਾਨਾ ਦੇ ਖਰਚਿਆਂ ਲਈ ਪੈਸੇ

## ਸਿਹਤ ਸੰਭਾਲ ਦਾ ਅਧਿਕਾਰ

ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਤੁਹਾਨੂੰ **ਲੋੜੀਂਦੀ ਸਿਹਤ ਦੇਖਭਾਲ ਮਿਲ ਸਕੇ**। ਇਸ ਵਿੱਚ ਉਦਾਹਰਣ ਵਜੋਂ, ਇੱਕ ਨਰਸ ਜਾਂ ਡਾਕਟਰ ਕੋਲ ਮੁਲਾਕਾਤਾਂ, ਗੰਭੀਰ ਬਿਮਾਰੀਆਂ ਅਤੇ ਪੁਰਾਣੀਆਂ ਸਥਿਤੀਆਂ ਲਈ ਜਾਂਚ, ਡਾਕਟਰ ਦੁਆਰਾ ਨਿਰਧਾਰਤ ਦਵਾਈ ਅਤੇ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹੋ ਸਕਦੀ ਹੈ।



**ਜੇ ਤੁਹਾਨੂੰ ਕੋਈ ਡਾਕਟਰੀ ਸਮੱਸਿਆ ਹੈ, ਤਾਂ ਸਟਾਫ਼ ਨੂੰ ਦੱਸੋ।**

ਜੇਕਰ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਜਾਂ ਸੱਟ ਲੱਗੀ ਹੈ ਜਿਸ ਲਈ ਤੁਰੰਤ ਇਲਾਜ ਦੀ ਲੋੜ ਹੈ, ਤਾਂ ਸਟਾਫ਼ ਨੂੰ ਦੱਸੋ ਜਾਂ ਐਮਰਜੈਂਸੀ ਨੰਬਰ 112 'ਤੇ ਮੁਫ਼ਤ ਕਾਲ ਕਰੋ।



ਤੁਸੀਂ ਡਾਕਟਰ ਜਾਂ ਨਰਸ ਤੋਂ ਡਾਕਟਰੀ ਜਾਂਚ ਕਰਵਾ ਸਕਦੇ ਹੋ। ਉਹ ਤੁਹਾਡੀ ਸਿਹਤ ਦੀ ਜਾਂਚ ਕਰਨਗੇ ਅਤੇ ਤੁਹਾਡੀ ਸਹਾਇਤਾ ਕਰਨਗੇ। ਉਹ ਤੁਹਾਨੂੰ ਮੌਜੂਦਾ ਜਾਂ ਪਿਛਲੀਆਂ ਬਿਮਾਰੀਆਂ, ਤੁਹਾਡੇ ਟੀਕੇ ਦੇ ਰਿਕਾਰਡਾਂ ਅਤੇ ਤੁਹਾਡੇ ਦੁਆਰਾ ਲਈ ਜਾ ਰਹੀ ਕਿਸੇ ਵੀ ਦਵਾਈ ਬਾਰੇ ਸਵਾਲ ਪੁੱਛ ਸਕਦੇ ਹਨ। ਉਹ ਤੁਹਾਨੂੰ ਕਿਸੇ ਵੀ ਸੱਟ, ਦਰਦ, ਡਾਕਟਰੀ ਸਥਿਤੀ ਜਾਂ ਚਿੰਤਾਵਾਂ ਬਾਰੇ ਵੀ ਪੁੱਛ ਸਕਦੇ ਹਨ।

ਲੈਟਵੀਆ ਵਿੱਚ, ਤੁਹਾਡੀ ਸ਼ਰਨ ਦੀ ਅਰਜ਼ੀ ਰਜਿਸਟਰ ਹੋਣ ਅਤੇ ਤੁਹਾਨੂੰ ਰਹਿਣ ਲਈ ਜਗ੍ਹਾ ਮਿਲਣ ਤੋਂ ਬਾਅਦ, ਤੁਹਾਡੀ ਟਿਊਬਰਕਲੋਸਿਸ ਦੀ ਜਾਂਚ ਕੀਤੀ ਜਾਵੇਗੀ, ਜੋ ਕਿ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ।

# ਜੇ ਤੁਹਾਡੀਆਂ ਵਿਸ਼ੇਸ਼ ਜ਼ਰੂਰਤਾਂ ਹਨ ਤਾਂ ਤੁਹਾਨੂੰ ਵਿਸ਼ੇਸ਼ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।







**ਸਟਾਫ਼ ਨੂੰ ਸੂਚਿਤ ਕਰੋ ਜੇਕਰ:**

- ਤੁਸੀਂ ਬਿਮਾਰ ਜਾਂ ਜ਼ਖਮੀ ਹੋ
- ਤੁਸੀਂ ਗਰਭਵਤੀ ਹੋ ਜਾਂ ਹੋ ਸਕਦੀ ਹੋ
- ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਖਾਸ ਸਹਾਇਤਾ ਦੀ ਲੋੜ ਹੈ।
- ਤੁਹਾਨੂੰ ਅਪਾਹਜਤਾ ਹੈ (ਉਦਾਹਰਣ ਵਜੋਂ, ਸੀਮਤ ਗਤੀਸ਼ੀਲਤਾ, ਘੱਟ ਸੁਣਨ ਸ਼ਕਤੀ ,ਘੱਟ ਦੇਖਣ ਸ਼ਕਤੀ)
- ਤੁਸੀਂ ਲਗਾਤਾਰ ਘਬਰਾਹਟ, ਬੇਚੈਨ ਜਾਂ ਚਿੰਤਤ ਮਹਿਸੂਸ ਕਰਦੇ ਹੋ, ਤੁਹਾਨੂੰ ਨੀਂਦ ਨਹੀਂ ਆਉਂਦੀ, ਜਾਂ ਤੁਹਾਡੇ ਮਨ ਵਿੱਚ ਨਕਾਰਾਤਮਕ ਵਿਚਾਰ ਆਉਂਦੇ ਹਨ।
- ਤੁਸੀਂ ਪਿਛਲੀ ਹਿੰਸਾ ਜਾਂ ਮਾਨਸਿਕ ਕਲੇਸ਼ ਤੋਂ ਪੀੜਤ ਹੋ
- ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ, ਧਮਕੀ ਮਿਲੀ ਹੈ, ਜਾਂ ਤੁਸੀਂ ਕਿਸੇ ਤੋਂ ਡਰਦੇ ਹੋ, ਭਾਵੇਂ ਉਹ ਕਿਸੇ ਅਜਨਬੀ ਤੋਂ ਹੋਵੇ ਜਾਂ ਕਿਸੇ ਜਾਣਕਾਰ ਤੋਂ।
- ਤੁਸੀਂ ਉਹ ਕੰਮ ਕਰਨ ਲਈ ਮਜਬੂਰ ਹੋ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਹੋ
- ਤੁਸੀਂ ਆਪਣੇ ਵਿਸ਼ਵਾਸ, ਤੁਸੀਂ ਕਿਸ ਨੂੰ ਪਿਆਰ ਕਰਦੇ ਹੋ, ਜਾਂ ਆਪਣੇ ਪਹਿਰਾਵੇ/ਵਿਵਹਾਰ ਦੇ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹੋ
- ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ ਅਤੇ ਤੁਸੀਂ ਆਪਣੇ ਮਾਪਿਆਂ ਤੋਂ ਬਿਨਾਂ, ਇਕੱਲੇ ਜਾਂ ਹੋਰ ਪਰਿਵਾਰ ਦੇ ਮੈਂਬਰਾਂ ਨਾਲ ਆਏ ਹੋ।

ਵਿਸ਼ੇਸ਼ ਸਹਾਇਤਾ ਸਿਰਫ਼ ਉਦੋਂ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ ਜਦੋਂ 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦਾ ਸਟਾਫ਼ ਤੁਹਾਡੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਜਾਣਦਾ ਹੋਵੇ।





'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦੇ ਅਧਿਕਾਰੀ ਤੁਹਾਡੇ ਕੋਲੋਂ ਸਵਾਲ ਪੁੱਛਣਗੇ ਤਾਂ ਜੋ:

- ਆਪਣੀਆਂ **ਵਿਸ਼ੇਸ਼ ਜ਼ਰੂਰਤਾਂ** ਦਾ ਮੁਲਾਂਕਣ ਕਰੋ
- ਪਛਾਣ ਕਰੋ ਕਿ ਤੁਹਾਡੇ ਲਈ **ਕਿਹੜੀ ਵਿਸ਼ੇਸ਼ ਸਹਾਇਤਾ** ਸਭ ਤੋਂ ਵਧੀਆ ਹੈ।

ਇਸਨੂੰ **ਵਿਸ਼ੇਸ਼ ਜ਼ਰੂਰਤਾਂ ਦਾ ਮੁਲਾਂਕਣ ਕਿਹਾ ਜਾਂਦਾ ਹੈ**।

ਇੱਕ ਦੁਭਾਸ਼ੀਆ ਤੁਹਾਨੂੰ ਉਸ ਭਾਸ਼ਾ ਵਿੱਚ ਗੱਲਬਾਤ ਕਰਨ ਵਿੱਚ ਮਦਦ ਕਰੇਗਾ ਜੋ ਤੁਸੀਂ ਸਮਝਦੇ ਹੋ, ਜੇ ਲੋੜ ਹੋਵੇ।



**ਹਮੇਸ਼ਾ 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦੇ ਸਟਾਫ਼ ਨਾਲ ਸੰਪਰਕ ਕਰੋ ਜੇ ਤੁਹਾਨੂੰ ਵਿਸ਼ੇਸ਼ ਸਹਾਇਤਾ ਦੀ ਲੋੜ ਹੈ।**

ਤੁਹਾਨੂੰ ਇਹ ਸਹਾਇਤਾ ਉਦੋਂ ਤੱਕ ਮਿਲੇਗੀ ਜਦੋਂ ਤੱਕ ਅਧਿਕਾਰੀ ਤੁਹਾਨੂੰ ਲੋੜਵੰਦ ਸਮਝਦੇ ਹਨ।

ਤੁਸੀਂ ਡਾਕਟਰ, ਨਰਸ ਅਤੇ 'ਸਟੇਟ ਬਾਰਡਰ ਗਾਰਡ' ਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦੇ ਅਧਿਕਾਰੀਆਂ'ਤੇ ਭਰੋਸਾ ਕਰ ਸਕਦੇ ਹੋ ਅਤੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਦੇ ਹੋ। ਤੁਹਾਡੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ, ਜਿਸਦਾ ਮਤਲਬ ਹੈ ਕਿ ਤੁਹਾਡੀ ਸਹਿਮਤੀ ਤੋਂ ਬਿਨਾਂ ਕਿਸੇ ਹੋਰ ਨੂੰ ਇਸ ਬਾਰੇ ਪਤਾ ਨਹੀਂ ਲੱਗੇਗਾ।

ਇਹ ਦਾ ਇੱਕੋ ਇੱਕ ਅਪਵਾਦ ਇਹ ਹੈ ਕਿ ਜੇਕਰ ਤੁਹਾਡੀ ਜਾਂ ਕਿਸੇ ਹੋਰ ਦੀ ਜਾਨ ਨੂੰ ਖ਼ਤਰਾ ਹੈ।

## ਬੱਚਿਆਂ ਲਈ ਸਿੱਖਿਆ ਦਾ ਅਧਿਕਾਰ

18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚੇ, ਮੁੰਡੇ ਅਤੇ ਕੁੜੀਆਂ ਨੂੰ ਸਿੱਖਿਆ ਦਾ ਅਧਿਕਾਰ ਹੈ।

ਉਹਨਾਂ ਕੋਲ ਮਦਦ ਪ੍ਰਾਪਤ ਕਰਨ ਦਾ ਅਧਿਕਾਰ ਹੈ, ਉਦਾਹਰਨ ਲਈ, ਰਾਸ਼ਟਰੀ ਭਾਸ਼ਾ ਸਿੱਖਣ ਸੰਬੰਧੀ।



ਲੈਟਵੀਆ ਵਿੱਚ, ਸ਼ਰਨਾਰਥੀਆਂ ਕੋਲ 5 ਸਾਲ ਦੀ ਉਮਰ ਤੋਂ ਪ੍ਰੀ-ਸਕੂਲ ਸਿੱਖਿਆ ਦੀ ਸਹੂਲਤ ਹੁੰਦੀ ਹੈ, ਅਤੇ ਨਾਲ ਹੀ ਪ੍ਰਾਇਮਰੀ ਸਿੱਖਿਆ (18 ਸਾਲ ਦੀ ਉਮਰ ਤੱਕ) ਅਤੇ ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਵੀ ਹੁੰਦਾ ਹੈ।

**ਮਾਪਿਆਂ ਲਈ ਆਪਣੇ ਬੱਚੇ ਦੀ ਸਿੱਖਿਆ ਨੂੰ ਯਕੀਨੀ ਬਣਾਉਣਾ ਲਾਜ਼ਮੀ ਹੈ, ਜਿਸ ਵਿੱਚ ਵਿਦਿਅਕ ਸੰਸਥਾ ਨਾਲ ਸਹਿਯੋਗ ਕਰਨਾ ਵੀ ਸ਼ਾਮਲ ਹੈ।**

# ਕੰਮ ਕਰਨ ਦਾ ਅਧਿਕਾਰ

ਤੁਹਾਡੀ ਸਥਿਤੀ ਦੇ ਆਧਾਰ 'ਤੇ, ਤੁਹਾਨੂੰ ਲੈਟਵੀਆ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਰਜਿਸਟ੍ਰੇਸ਼ਨ ਤੋਂ ਤਿੰਨ ਮਹੀਨਿਆਂ  ਬਾਅਦ ਕੰਮ ਕਰਨ ਦਾ ਅਧਿਕਾਰ ਮਿਲ ਸਕਦਾ ਹੈ।

'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦੇ ਅਧਿਕਾਰੀ, ਸਮਾਜਿਕ ਕਰਮਚਾਰੀ, ਅਤੇ ਮੈਂਟਰ ਤੁਹਾਨੂੰ ਲੈਟਵੀਆ ਵਿੱਚ ਲਾਗੂ ਹੋਣ ਵਾਲੇ ਨਿਯਮਾਂ ਬਾਰੇ ਸੂਚਿਤ ਕਰੇਗਾ।



ਕੁਝ ਅਪਵਾਦ ਹਨ, ਉਦਾਹਰਣ ਵਜੋਂ ਜੇ ਤੁਸੀਂ ਅਧਿਕਾਰੀਆਂ ਨਾਲ ਸਹਿਯੋਗ ਨਹੀਂ ਕਰ ਰਹੇ ਹੋ ਤਾਂ ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



15 ਸਾਲ ਤੋਂ ਘੱਟ ਉਮਰ ਦੇ ਸਾਰੇ ਲੜਕਿਆਂ ਅਤੇ ਲੜਕੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ (ਕੁਝ ਖਾਸ ਅਪਵਾਦ ਵਾਲੀਆਂ ਸਥਿਤੀਆਂ ਵਿੱਚ, ਉਹਨਾਂ ਨੂੰ 13 ਸਾਲ ਦੀ ਉਮਰ ਤੋਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ)।

## ਭਾਸ਼ਾ ਕੋਰਸ ਅਤੇ ਕਿੱਤਾਮੁਖੀ ਸਿਖਲਾਈ

ਤੁਹਾਡੀ ਸਥਿਤੀ ਦੇ ਆਧਾਰ 'ਤੇ, ਅਧਿਕਾਰੀ ਤੁਹਾਨੂੰ ਸ਼ਾਮਲ ਹੋਣ ਲਈ ਕਹਿ ਸਕਦੇ ਹਨ:

- ਰਾਸ਼ਟਰੀ ਭਾਸ਼ਾਈ ਕੋਰਸ;
- ਨਾਗਰਿਕ ਸਿੱਖਿਆ ਦੇ ਕੋਰਸ;
- ਨਵੇਂ ਹੁਨਰ ਸਿੱਖਣ ਲਈ ਕੋਰਸ (ਕਿੱਤਾਮੁਖੀ ਸਿਖਲਾਈ)।



ਸਟਾਫ਼ ਤੁਹਾਨੂੰ ਇਹਨਾਂ ਕੋਰਸਾਂ ਬਾਰੇ ਅਤੇ ਤੁਸੀਂ ਉਹਨਾਂ ਨੂੰ ਕਦੋਂ ਸ਼ੁਰੂ ਕਰ ਸਕਦੇ ਹੋ ਬਾਰੇ ਸੂਚਿਤ ਕਰੇਗਾ।

## ਇਹ ਦਸਤਾਵੇਜ਼ ਦੱਸਦਾ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ



ਤੁਹਾਨੂੰ ਇੱਕ ਸਰਕਾਰੀ ਦਸਤਾਵੇਜ਼ ਮਿਲੇਗਾ, ਜਿਸਨੂੰ 'ਸ਼ਰਨਾਰਥੀ ਪਛਾਣ ਦਸਤਾਵੇਜ਼', ਕਿਹਾ ਜਾਂਦਾ ਹੈ, ਜੋ ਦੱਸਦਾ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ। ਇਹ ਦਸਤਾਵੇਜ਼ ਤੁਹਾਡਾ ਨਾਮ ਅਤੇ ਨਿੱਜੀ ਡਾਟਾ ਹੋਵੇਗਾ। ਤੁਹਾਨੂੰ ਇਸਨੂੰ ਹਰ ਸਮੇਂ ਆਪਣੇ ਨਾਲ ਰੱਖਣਾ ਚਾਹੀਦਾ ਹੈ।

ਇਹ ਯਾਤਰਾ ਦਸਤਾਵੇਜ਼ ਨਹੀਂ ਹੈ।

'ਸਟੇਟ ਬਾਰਡਰ ਗਾਰਡ' ਸ਼ਰਨ ਦੀ ਅਰਜ਼ੀ ਰਜਿਸਟਰ ਹੋਣ ਤੋਂ ਬਾਅਦ ਸ਼ਰਨਾਰਥੀ ਪਛਾਣ ਦਸਤਾਵੇਜ਼ ਜਾਰੀ ਕਰਦਾ ਹੈ।

**ਧਿਆਨ ਦਿਓ!** ਧਿਆਨ ਰੱਖੋ ਕਿ ਇਸਨੂੰ ਗੁਆ ਨਾ ਦਿਓ ਅਤੇ ਕਿਸੇ ਹੋਰ ਨੂੰ ਨਾ ਦਿਓ।

## ਤੁਸੀਂ ਕਿੱਥੇ ਰਹੋਗੇ?

ਜਿਸ ਜਗ੍ਹਾ 'ਤੇ ਤੁਸੀਂ ਉਦੋਂ ਤੱਕ ਰਹੋਗੇ ਜਦੋਂ ਤੱਕ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਕੀਤੀ ਜਾ ਰਹੀ ਹੈ, ਉਹ ਕਈ ਕਾਰਕਾਂ 'ਤੇ ਨਿਰਭਰ ਕਰਦੀ ਹੈ।

ਜੇਕਰ ਤੁਹਾਨੂੰ ਹਿਰਾਸਤ ਵਿੱਚ ਨਹੀਂ ਰੱਖਿਆ ਗਿਆ ਹੈ ਜਾਂ ਕਿਸੇ ਖਾਸ ਸਥਾਨ 'ਤੇ ਰਹਿਣਾ ਲਾਜ਼ਮੀ ਨਹੀਂ ਕੀਤਾ ਗਿਆ ਹੈ, ਅਤੇ ਤੁਹਾਡੇ ਕੋਲ ਆਪਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਗੁਜ਼ਾਰੇ ਲਈ ਲੋੜੀਂਦੇ ਪੈਸੇ (ਫੰਡ) ਨਹੀਂ ਹਨ, ਤਾਂ ਤੁਹਾਨੂੰ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਦੇ ਸ਼ਰਨਾਰਥੀ ਰਿਹਾਇਸ਼ ਕੇਂਦਰ ਵਿੱਚ ਰੱਖਿਆ ਜਾਵੇਗਾ।

ਤੁਸੀਂ ਆਪਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ ਲਈ ਆਪਣੇ ਖਰਚੇ 'ਤੇ ਰਿਹਾਇਸ਼ ਦਾ ਪ੍ਰਬੰਧ ਵੀ ਕਰ ਸਕਦੇ ਹੋ। ਸਰਕਾਰ ਇਹਨਾਂ ਖਰਚਿਆਂ ਨੂੰ ਕਵਰ ਨਹੀਂ ਕਰੇਗੀ

## ਤੁਸੀਂ ਭਾਵੇਂ ਜਿੱਥੇ ਵੀ ਰਹਿ ਰਹੇ ਹੋ, ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:



- **ਸੁਰੱਖਿਅਤ ਰਹੋ**: ਸਟਾਫ਼ ਸਮੇਤ ਕਿਸੇ ਨੂੰ ਵੀ ਤੁਹਾਨੂੰ ਧਮਕੀ ਦੇਣ, ਅਪਮਾਨ ਕਰਨ ਜਾਂ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਹੈ



- **ਆਪਣੇ ਪਤੀ, ਪਤਨੀ, ਬੱਚਿਆਂ ਅਤੇ 18 ਸਾਲ ਤੋਂ ਘੱਟ ਉਮਰ ਦੇ ਭੈਣ-ਭਰਾ ਜਾਂ ਕਿਸੇ ਬਾਲਗ ਰਿਸ਼ਤੇਦਾਰ ਨਾਲ ਰਹੋ ਜਿਸਨੂੰ ਰੋਜ਼ਾਨਾ ਦੇਖਭਾਲ ਦੀ ਲੋੜ ਹੁੰਦੀ ਹੈ।**
- **ਆਪਣੇ ਰਿਸ਼ਤੇਦਾਰਾਂ ਨਾਲ ਰਹੋ**, ਜੇ ਤੁਸੀਂ ਇੱਕ ਬਾਲਗ ਵਿਅਕਤੀ ਹੋ ਜਿਸਨੂੰ ਰੋਜ਼ਾਨਾ ਦੇਖਭਾਲ ਦੀ ਲੋੜ ਹੈ



- ਜੇਕਰ ਤੁਹਾਨੂੰ ਆਪਣੇ ਪਰਿਵਾਰ ਦੇ ਟਿਕਾਣੇ ਬਾਰੇ ਯਕੀਨ ਨਹੀਂ ਹੈ, ਤਾਂ **ਉਨ੍ਹਾਂ ਨਾਲ ਗੱਲਬਾਤ** ਅਤੇ **ਉਨ੍ਹਾਂ ਦਾ ਪਤਾ ਲਗਾਉਣ ਵਿੱਚ ਸਹਾਇਤਾ ਪ੍ਰਾਪਤ ਕਰੋ**।

## ਤੁਸੀਂ ਇੱਕ ਰਸਮੀ ਸ਼ਿਕਾਇਤ ਕਰ ਸਕਦੇ ਹੋ ਜੇ ਤੁਹਾਨੂੰ ਲੱਗਦਾ ਹੈ ਕਿ:



- ਸਟਾਫ਼ ਦੇ ਕਿਸੇ ਵੀ ਮੈਂਬਰ ਨੇ ਤੁਹਾਨੂੰ ਧਮਕੀ ਦਿੱਤੀ, ਅਪਮਾਨ ਕੀਤਾ ਜਾਂ ਨੁਕਸਾਨ ਪਹੁੰਚਾਇਆ।
- ਕਿਸੇ ਅਧਿਕਾਰੀ ਦੀ ਕਾਰਵਾਈ ਜਾਂ ਅਣਗਹਿਲੀ (ਕੰਮ ਨਾ ਕਰਨ) ਕਾਰਨ ਤੁਹਾਨੂੰ ਨੁਕਸਾਨ ਪਹੁੰਚਿਆ ਹੈ;
- ਤੁਹਾਡੇ ਬੁਨਿਆਦੀ ਹੱਕ (ਅਧਿਕਾਰ) ਅਤੇ ਮੁਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਹਨ।

'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਤੁਹਾਨੂੰ ਸੂਚਿਤ ਕਰਨਗੇ ਕਿ ਰਸਮੀ ਸ਼ਿਕਾਇਤ ਕਿਵੇਂ ਕਰਨੀ ਹੈ।

ਤੁਸੀਂ ਹਮੇਸ਼ਾਂ ਅਫ਼ਸਰਾਂ, ਗੈਰ-ਸਰਕਾਰੀ ਸੰਗਠਨਾਂ ਜਾਂ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (UNHCR) ਤੋਂ ਵਧੇਰੇ ਜਾਣਕਾਰੀ ਲਈ ਪੁੱਛ ਸਕਦੇ ਹੋ।


ਜੇ ਤੁਹਾਡੇ ਕੋਲ ਕਾਫ਼ੀ ਵਿੱਤੀ ਸਰੋਤ ਹਨ ਅਤੇ ਜੇ ਅਧਿਕਾਰੀ  ਇਹ ਫੈਸਲਾ ਨਹੀਂ ਕਰਦੇ ਕਿ ਤੁਹਾਨੂੰ ਖਾਸ ਰਿਹਾਇਸ਼ ਵਿੱਚ ਰਹਿਣਾ ਪਵੇਗਾ ਤਾਂ ਤੁਸੀਂ ਨਿੱਜੀ ਰਿਹਾਇਸ਼ ਵਿੱਚ ਰਹਿਣ ਦੀ ਚੋਣ ਕਰ ਸਕਦੇ ਹੋ।  ਇਸ ਸਥਿਤੀ ਵਿੱਚ, ਤੁਹਾਨੂੰ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਰਹਿਣ ਦੀ ਵੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਸਰਕਾਰ ਨਿੱਜੀ ਰਿਹਾਇਸ਼ ਵਿੱਚ ਰਹਿਣ ਦਾ ਖਰਚਾ ਨਹੀਂ ਦਿੰਦੀ ਹੈ।



**'ਸਟੇਟ ਬਾਰਡਰ ਗਾਰਡ' ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਇੱਕ ਖਾਸ ਭੂਗੋਲਿਕ ਖੇਤਰ ਵਿੱਚ ਰਹਿਣਾ ਪਵੇਗਾ ਇਸ ਸਥਿਤੀ ਵਿੱਚ, ਉਹ ਤੁਹਾਨੂੰ ਲਿਖਤੀ ਰੂਪ ਵਿੱਚ ਇੱਕ ਭਾਸ਼ਾ ਵਿੱਚ ਦੱਸਣਗੇ ਜੋ ਤੁਸੀਂ ਸਮਝਦੇ ਹੋ।**

**ਲੈਟਵੀਆ**




'ਸਟੇਟ ਬਾਰਡਰ ਗਾਰਡ' ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਇਸ ਖੇਤਰ ਵਿੱਚ ਰਹਿਣਾ ਪਵੇਗਾ ਤਾਂ ਜੋ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਜਾਂ ਰਿਸੈਪਸ਼ਨ ਸੈਂਟਰਾਂ ਵਿੱਚ ਉਪਲਬਧ ਥਾਵਾਂ ਦੇ ਕਾਰਨ ਦੀ ਤੇਜ਼ੀ ਨਾਲ ਜਾਂਚ ਕੀਤੀ ਜਾ ਸਕੇ ਜਾਂ ਇਸ ਲਈ ਕਿਉਂਕਿ ਰਿਹਾਇਸ਼ੀ ਕੇਂਦਰਾਂ ਵਿੱਚ ਥਾਂਵਾਂ ਉਪਲਬਧ ਹਨ।

ਤੁਸੀਂ ਇਸ ਖੇਤਰ (ਪ੍ਰਸ਼ਾਸਨਿਕ ਖੇਤਰ) ਦੇ ਅੰਦਰ ਸੁਤੰਤਰ ਤੌਰ 'ਤੇ ਘੁੰਮਣ-ਫਿਰਨ ਦੇ ਯੋਗ ਹੋਵੋਗੇ।

ਇਹ ਭੂਗੋਲਿਕ ਖੇਤਰ ਤੁਹਾਡੇ ਬਿਨੈਕਾਰ-ਦਸਤਾਵੇਜ਼ ‘ਤੇ ਦਰਜ ਹੋ ਸਕਦਾ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹੋ।

ਜੇ ਤੁਹਾਨੂੰ ਥੋੜ੍ਹੇ ਸਮੇਂ ਲਈ ਇਲਾਕਾ ਛੱਡਣ ਦੀ ਲੋੜ ਹੈ, ਤਾਂ ਤੁਹਾਨੂੰ 'ਸਟੇਟ ਬਾਰਡਰ ਗਾਰਡ' ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਤੁਸੀਂ ਸਿਰਫ਼ ਜਾਇਜ਼, ਜ਼ਰੂਰੀ ਅਤੇ ਗੰਭੀਰ ਪਰਿਵਾਰਕ ਕਾਰਨਾਂ ਕਰਕੇ, ਜਾਂ ਜ਼ਰੂਰੀ ਡਾਕਟਰੀ ਇਲਾਜ ਲਈ ਹੀ ਜਾਣ ਲਈ ਕਹਿ ਸਕਦੇ ਹੋ ਜੋ ਉਸ ਭੂਗੋਲਿਕ ਖੇਤਰ ਵਿੱਚ ਉਪਲਬਧ ਨਹੀਂ ਹੈ ਜਿੱਥੇ ਤੁਸੀਂ ਰਹਿ ਰਹੇ ਹੋ। ਅਫ਼ਸਰ ਤੁਹਾਡੀ ਬੇਨਤੀ ਨੂੰ ਮਨਜ਼ੂਰੀ ਦੇ ਸਕਦੇ ਹਨ ਜਾਂ ਨਹੀਂ।

ਜੇ ਤੁਹਾਡੀ ਬੇਨਤੀ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਤੁਸੀਂ ਇਸ ਫੈਸਲੇ 'ਤੇ ਅਪੀਲ ਕਰ ਸਕਦੇ ਹੋ।

**ਤੁਹਾਡੀ ਸਥਿਤੀ ਦੇ ਆਧਾਰ 'ਤੇ, 'ਸਟੇਟ ਬਾਰਡਰ ਗਾਰਡ' ਇਹ ਫੈਸਲਾ ਕਰ ਸਕਦਾ ਹੈਕਿ ਤੁਹਾਨੂੰ ਕਿਸੇ ਖਾਸ ਜਗ੍ਹਾ (ਉਦਾਹਰਣ ਵਜੋਂ ਕਿਸੇ ਖਾਸ ਰਿਸੈਪਸ਼ਨ ਸੈਂਟਰ ਵਿੱਚ) ਰਹਿਣਾ ਪਵੇਗਾ।**



**ਤੁਹਾਨੂੰ ਕੁਝ ਪਾਬੰਦੀਆਂ ਦੇ ਨਾਲ ਉਸ ਖਾਸ ਜਗ੍ਹਾ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਉਸ ਖਾਸ ਜਗ੍ਹਾ 'ਤੇ ਤੁਹਾਡੀ ਮੌਜੂਦਗੀ ਦੀ ਨਿਯਮਿਤ ਤੌਰ 'ਤੇ ਜਾਂਚ ਕੀਤੀ ਕੀਤੀ ਜਾਵੇਗੀ।**

'ਸਟੇਟ ਬਾਰਡਰ ਗਾਰਡ' ਕਈ ਕਾਰਨਾਂ ਕਰਕੇ ਅਜਿਹਾ ਫੈਸਲਾ ਲੈ ਸਕਦਾ ਹੈ।ਉਦਾਹਰਣ ਵਜੋਂ:

- ਤੁਹਾਡੇ ਭੱਜ ਜਾਣ ਦਾ ਜੋਖਮ ਹੈ
- ਕੋਈ ਹੋਰ ਦੇਸ਼ ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਲਈ ਜ਼ਿੰਮੇਵਾਰ ਹੋ ਸਕਦਾ ਹੈ ਅਤੇ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਤੁਸੀਂ ਭੱਜ ਸਕਦੇ ਹੋ
- ਤੁਸੀਂ ਬਿਨਾਂ ਇਜਾਜ਼ਤ ਦੇ ਇਸ ਦੇਸ਼ ਨੂੰ ਛੱਡ ਦਿੱਤਾ ਸੀ, ਤੁਹਾਨੂੰ ਵਾਪਸ ਭੇਜ ਦਿੱਤਾ ਗਿਆ ਸੀ ਅਤੇ ਇਸ ਗੱਲ ਦਾ ਖ਼ਤਰਾ ਹੈ ਕਿ ਤੁਸੀਂ ਦੁਬਾਰਾ ਭੱਜ ਸਕਦੇ ਹੋ।

**'ਸਟੇਟ ਬਾਰਡਰ ਗਾਰਡ' ਇਸ ਫੈਸਲੇ ਨੂੰ ਤੁਹਾਨੂੰ ਲਿਖਤੀ ਰੂਪ ਵਿੱਚ ਉਸ ਭਾਸ਼ਾ ਵਿੱਚ ਸੂਚਿਤ ਕਰੇਗਾ ਜਿਸ ਭਾਸ਼ਾ ਨੂੰ ਤੁਸੀਂ ਸਮਝਦੇ ਹੋ। ਉਹ ਤੁਹਾਨੂੰ ਤੁਹਾਡੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਜੇ ਤੁਸੀਂ ਫੈਸਲੇ ਦਾ ਸਨਮਾਨ ਨਹੀਂ ਕਰਦੇ ਤਾਂ ਨਕਾਰਾਤਮਕ ਨਤੀਜਿਆਂ ਬਾਰੇ ਸੂਚਿਤ ਕਰਨਗੇ।**

ਤੁਸੀਂ ਇਸ ਫੈਸਲੇ 'ਤੇ ਅਪੀਲ ਕਰ ਸਕਦੇ ਹੋ।

ਤੁਸੀਂ 'ਸਟੇਟ ਬਾਰਡਰ ਗਾਰਡ' ਤੋਂ ਪੁੱਛ ਸਕਦੇ ਹੋ ਕਿ ਕੀ ਤੁਸੀਂ ਸੀਮਤ ਸਮੇਂ ਲਈ ਕਿਤੇ ਹੋਰ ਰਹਿ ਸਕਦੇ ਹੋ। ਅਫ਼ਸਰ ਤੁਹਾਡੀ ਬੇਨਤੀ ਨੂੰ ਮਨਜ਼ੂਰੀ ਦੇ ਸਕਦੇ ਹਨ ਜਾਂ ਨਹੀਂ। ਜੇ ਤੁਹਾਡੀ ਬੇਨਤੀ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਤੁਸੀਂ ਇਸ ਫੈਸਲੇ 'ਤੇ ਅਪੀਲ ਕਰ ਸਕਦੇ ਹੋ।

**ਧਿਆਨ ਦਿਓ!** ਜੇ ਤੁਸੀਂ ਇਸ ਖਾਸ ਜਗ੍ਹਾ 'ਤੇ ਰਹਿਣ ਦੇ ਫੈਸਲੇ ਅਤੇ ਲਗਾਈਆਂ ਗਈਆਂ ਪਾਬੰਦੀਆਂ ਦਾ ਸਨਮਾਨ ਨਹੀਂ ਕਰਦੇ, ਅਤੇ ਇੱਕ ਜੋਖਮ ਹੈ ਕਿ ਤੁਸੀਂ ਦੁਬਾਰਾ ਭੱਜ ਸਕਦੇ ਹੋ, ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ।

## ਉਹ ਸ਼ਰਤਾਂ ਜਿਨ੍ਹਾਂ ਦੇ ਤਹਿਤ ਇੱਕ ਬਿਨੈਕਾਰ ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ

ਹਿਰਾਸਤ ਦਾ ਮਤਲਬ ਹੈ ਕਿ ਤੁਹਾਨੂੰ ਇੱਕ ਖਾਸ ਸਹੂਲਤ ਵਿੱਚ ਰੱਖਿਆ ਗਿਆ ਹੈ ਜਿਸਨੂੰ ਤੁਸੀਂ ਸੁਤੰਤਰ ਤੌਰ 'ਤੇ ਨਹੀਂ ਛੱਡ ਸਕਦੇ ਹੋ। ਅਫ਼ਸਰਾਂ ਕੋਲ ਤੁਹਾਨੂੰ ਹਿਰਾਸਤ ਵਿੱਚ ਲੈਣ ਦਾ ਇੱਕ ਜਾਇਜ਼ ਕਾਰਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਮਾਮਲੇ ਵਿੱਚ ਕੋਈ ਹੋਰ ਵਿਕਲਪ ਸੰਭਵ ਨਹੀਂ ਹੈ। 'ਸਟੇਟ ਬਾਰਡਰ ਗਾਰਡ' ਫੈਸਲਾ ਲੈਣ ਤੋਂ ਪਹਿਲਾਂ ਤੁਹਾਡੀ ਨਿੱਜੀ ਸਥਿਤੀ 'ਤੇ ਵਿਚਾਰ ਕਰਨਗੇ।



ਹਿਰਾਸਤ ਵਿੱਚ ਲੈਣ ਦੇ ਇਹ ਹੋ ਸਕਦੇ ਹਨ, ਉਦਾਹਰਨ ਲਈ:

- ਤੁਹਾਡੀ ਸ਼ਰਨ ਅਰਜ਼ੀ ਦੇ ਮਹੱਤਵਪੂਰਨ ਪਹਿਲੂ (ਉਦਾਹਰਣ ਵਜੋਂ ਤੁਹਾਡੀ ਪਛਾਣ) ਨੂੰ ਹਿਰਾਸਤ ਕਰਨ ਤੋਂ ਬਿਨਾਂ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ
- ਤੁਸੀਂ ਕਿਸੇ ਖਾਸ ਜਗ੍ਹਾ 'ਤੇ ਰਹਿਣ ਦੀ ਜ਼ਿੰਮੇਵਾਰੀ ਦਾ ਸਨਮਾਨ ਨਹੀਂ ਕੀਤਾ, ਅਤੇ ਇੱਕ ਜੋਖਮ ਹੈ ਕਿ ਤੁਸੀਂ ਦੁਬਾਰਾ ਭੱਜ ਜਾਓਗੇ ਅਤੇ ਅਫ਼ਸਰ ਤੁਹਾਡੇ ਤੱਕ ਨਹੀਂ ਪਹੁੰਚ ਸਕਣਗੇ
- ਤੁਹਾਨੂੰ ਤੁਹਾਡੀ ਸ਼ਰਨ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ EU + ਦੇਸ਼ ਵਿੱਚ ਤਬਦੀਲ ਕਰਨ ਦਾ ਫੈਸਲਾ ਪ੍ਰਾਪਤ ਹੋਇਆ ਹੈ ਅਤੇ ਇੱਕ ਜੋਖਮ ਹੈ ਕਿ ਤੁਸੀਂ ਤਬਾਦਲੇ ਤੋਂ ਪਹਿਲਾਂ ਭੱਜ ਜਾਓਗੇ
- ਤੁਸੀਂ ਸੁਰੱਖਿਆ ਲਈ ਖਤਰਾ ਹੋ ਸਕਦੇ ਹੋ।

ਜੇ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ, ਤਾਂ ਤੁਸੀਂ ਫੈਸਲੇ ਦੀ ਅਪੀਲ ਕਰ ਸਕਦੇ ਹੋ। ਤੁਸੀਂ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਦੀ ਮੰਗ ਕਰ ਸਕਦੇ ਹੋ।

## ਤੁਹਾਡੀਆਂ ਰਿਸੈਪਸ਼ਨ ਦੀਆਂ ਜ਼ਿੰਮੇਵਾਰੀਆਂ ਕੀ ਹਨ?





**ਹੇਠਾਂ ਕੁਝ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਚਾਹੀਦੀ ਹੈ।**

- ✔ ਇਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰੋ।
- ✔ ਲੈਟਵੀਆ ਵਿੱਚ ਰਹੋ ਅਤੇ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਨਾ ਕਰੋ।
- ✖ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਉਸ ਭੂਗੋਲਿਕ ਖੇਤਰ (ਪ੍ਰਸ਼ਾਸਨਿਕ ਖੇਤਰ) ਜਾਂ ਖਾਸ ਸਥਾਨ ਨੂੰ ਨਾ ਛੱਡੋ ਜਿੱਥੇ ਤੁਹਾਨੂੰ ਰਹਿਣ ਲਈ ਕਿਹਾ ਗਿਆ ਹੈ।
- ✔ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਅਤੇ ਉਨ੍ਹਾਂ ਦੀਆਂ ਨਿਰਦੇਸ਼ਾਂ ਦੀ ਪਾਲਣਾ ਕਰੋ।
- ✔ ਜਿਸ ਜਗ੍ਹਾ 'ਤੇ ਤੁਸੀਂ ਰਹਿ ਰਹੇ ਹੋ, ਉੱਥੋਂ ਦੇ ਨਿਯਮਾਂ ਦੀ ਪਾਲਣਾ ਕਰੋ।
- ✔ ਦੂਜੇ ਨਿਵਾਸੀਆਂ, ਸਟਾਫ਼ ਅਤੇ ਹੋਰ ਵਿਅਕਤੀਆਂ ਦਾ ਸਨਮਾਨ ਕਰੋ।
- ✔ ਕਿਰਪਾ ਕਰਕੇ 'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਨੂੰ ਆਪਣੇ ਵਿੱਤੀ ਸਰੋਤਾਂ ਬਾਰੇ ਸੂਚਿਤ ਕਰੋ।
- ✔ ਕਿਰਪਾ ਕਰਕੇ 'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਨੂੰ ਆਪਣੇ ਮੌਜੂਦਾ ਪਤੇ ਅਤੇ ਸੰਪਰਕ ਜਾਣਕਾਰੀ (ਟੈਲੀਫ਼ੋਨ ਨੰਬਰ, ਈਮੇਲ), ਅਤੇ ਕਿਸੇ ਵੀ ਬਦਲਾਅ ਬਾਰੇ ਸੂਚਿਤ ਕਰੋ, ਤਾਂ ਜੋ ਉਹ ਹਰ ਸਮੇਂ ਤੁਹਾਡੇ ਨਾਲ ਸੰਪਰਕ ਕਰ ਸਕਣ।

## ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ ਤਾਂ ਕੀ ਹੁੰਦਾ ਹੈ?

'ਸਟੇਟ ਬਾਰਡਰ ਗਾਰਡ' ਅਤੇ 'ਸਿਟੀਜ਼ਨਸ਼ਿਪ ਅਤੇ ਮਾਈਗ੍ਰੇਸ਼ਨ ਅਫੇਅਰਜ਼ ਦਾ ਦਫਤਰ' ਤੁਹਾਡੀ ਸਥਿਤੀ ਦਾ ਮੁਲਾਂਕਣ ਕਰਨਗੇ ਅਤੇ ਕਿਸੇ ਕਿਸਮ ਦੀ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨ ਦਾ ਫੈਸਲਾ ਕਰ ਸਕਦੇ ਹਨ। 'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਤੁਹਾਨੂੰ ਅਜਿਹੇ ਫੈਸਲੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ ਅਤੇ ਦੱਸਣਗੇ ਕਿ ਉਹ ਕਿਹੜੀ ਸਹਾਇਤਾ ਘਟਾਉਣਗੇ ਜਾਂ ਰੱਦ ਕਰਨਗੇ।



### ਧਿਆਨ ਦਿਓ!


**ਤੁਹਾਨੂੰ ਘੱਟ ਸਹਾਇਤਾ ਮਿਲ ਸਕਦੀ ਹੈ,** ਉਦਾਹਰਨ ਲਈ:

- ਤੁਸੀਂ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਉਸ ਭੂਗੋਲਿਕ ਖੇਤਰ ਜਾਂ ਖਾਸ ਸਥਾਨ ਨੂੰ ਛੱਡਦੇ ਹੋ ਜਿੱਥੇ ਤੁਹਾਨੂੰ ਰਹਿਣ ਲਈ ਕਿਹਾ ਗਿਆ ਹੈ;
- ਤੁਸੀਂ ਅਫ਼ਸਰਾਂ ਨਾਲ ਸਹਿਯੋਗ ਨਹੀਂ ਕਰਦੇ ਹੋ;
- ਤੁਸੀਂ ਆਪਣੇ ਵਿੱਤੀ ਸਰੋਤਾਂ ਬਾਰੇ ਝੂਠ ਬੋਲਦੇ ਹੋ;
- ਤੁਸੀਂ ਉਸ ਜਗ੍ਹਾ ਦੇ ਨਿਯਮਾਂ ਨੂੰ ਤੋੜਦੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ
- ਤੁਸੀਂ ਪਹਿਲਾਂ ਹੀ ਕਿਸੇ ਹੋਰ EU+ ਦੇਸ਼ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਅਤੇ ਤੁਸੀਂ ਉਸ ਦੇਸ਼ ਤੋਂ ਚਲੇ ਗਏ ਹੋ;
- ਤੁਸੀਂ ਇਜਾਜ਼ਤ ਤੋਂ ਬਿਨਾਂ ਸ਼ਰਨਾਰਥੀ ਰਿਹਾਇਸ਼ੀ ਕੇਂਦਰ ਨੂੰ ਛੱਡਦੇ ਹੋ;
- ਤੁਸੀਂ ਆਪਣਾ ਮੌਜੂਦਾ ਪਤਾ, ਫ਼ੋਨ ਨੰਬਰ, ਜਾਂ ਈ-ਮੇਲ ਪਤਾ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦੇ ਹੋ।

**ਜੇ ਤੁਸੀਂ ਹਿੰਸਕ ਹੋ, ਜੇ ਤੁਸੀਂ ਦੂਜਿਆਂ ਨੂੰ ਧਮਕੀ ਦਿੰਦੇ ਹੋ** ਜਾਂ ਜੇ ਤੁਸੀਂ ਉਸ ਜਗ੍ਹਾ ਦੇ ਨਿਯਮਾਂ ਨੂੰ ਵਾਰ-ਵਾਰ ਜਾਂ ਗੰਭੀਰ ਤਰੀਕੇ ਨਾਲ ਤੋੜਦੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ, ਤਾਂ ਤੁਸੀਂ ਪ੍ਰਾਪਤ ਕੀਤੀ ਜਾ ਰਹੀ ਸਹਾਇਤਾ ਗੁਆ ਸਕਦੇ ਹੋ। ਇਸ ਸਥਿਤੀ ਵਿੱਚ, ਪੁਲਿਸ ਨੂੰ ਦਖਲ ਦੇਣ ਲਈ ਵੀ ਬੁਲਾਇਆ ਜਾ ਸਕਦਾ ਹੈ।



## ਜੇਕਰ ਤੁਸੀਂ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ ਯੂਰਪੀ ਦੇਸ਼ ਦੀ ਯਾਤਰਾ ਕਰਦੇ ਹੋ ਤਾਂ ਕੀ ਹੁੰਦਾ ਹੈ?




**ਲੈਟਵੀਆ:**

- ਤੁਹਾਡੀ ਸ਼ਰਣ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ।

**EU+ ਦੇਸ਼ ਵਿੱਚ ਜਿੱਥੇ ਤੁਸੀਂ ਬਿਨਾਂ ਇਜਾਜ਼ਤ ਦੇ ਯਾਤਰਾ ਕੀਤੀ ਸੀ:**

- ਅਧਿਕਾਰੀ ਤੁਹਾਨੂੰ ਉਸੇ ਦੇਸ਼ ਵਾਪਸ ਭੇਜ ਸਕਦੇ ਹਨ, ਜਿੱਥੋਂ ਤੁਸੀਂ ਬਿਨਾਂ ਇਜਾਜ਼ਤ ਆਏ ਸੀ।

ਜਿਸ ਪਲ ਤੋਂ ਅਫ਼ਸਰ ਤੁਹਾਨੂੰ ਵਾਪਸ ਭੇਜਣ ਦੇ ਫੈਸਲੇ ਬਾਰੇ ਸੂਚਿਤ ਕਰਦੇ ਹਨ, ਤੁਹਾਡੇ ਕੋਲ ਕੁਝ ਅਧਿਕਾਰਾਂ ਤੱਕ ਪਹੁੰਚ ਨਹੀਂ ਹੋਵੇਗੀ, ਉਦਾਹਰਣ ਵਜੋਂ:

- ਤੁਹਾਨੂੰ **ਬਹੁਤ ਸਾਰੀਆਂ ਸੇਵਾਵਾਂ ਅਤੇ ਕਿਸਮਾਂ ਦੀ ਸਹਾਇਤਾ ਪ੍ਰਾਪਤ ਨਹੀਂ ਹੋਵੇਗੀ**
- ਤੁਹਾਨੂੰ **ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ**
- ਤੁਹਾਨੂੰ **ਭਾਸ਼ਾ ਕੋਰਸ ਜਾਂ ਨਵੇਂ ਹੁਨਰ ਸਿੱਖਣ ਦੇ ਕੋਰਸਾਂ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ।**

## ਕੀ ਹੁੰਦਾ ਹੈ ਜਦੋਂ ਤੁਹਾਨੂੰ EU+ ਦੇਸ਼ ਦੇ ਉਸ ਮੈਂਬਰ ਰਾਜ ਵਿੱਚ ਵਾਪਸ ਭੇਜਿਆ ਜਾਂਦਾ ਹੈ ਜਿੱਥੇ ਤੁਸੀਂ ਬਿਨਾਂ ਇਜਾਜ਼ਤ ਦੇ ਛੱਡ ਦਿੱਤਾ ਸੀ?



ਅਫ਼ਸਰ ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਇੱਕ ਖਾਸ ਜਗ੍ਹਾ 'ਤੇ ਰਹਿਣਾ ਪਵੇਗਾ ਅਤੇ ਤੁਹਾਡੀ ਮੌਜੂਦਗੀ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਵੇਗੀ। ਤੁਸੀਂ ਕੁਝ ਪਾਬੰਦੀਆਂ ਦੇ ਨਾਲ ਕੇਂਦਰ ਤੋਂ ਬਾਹਰ ਜਾ ਸਕੋਗੇ।

## ਤੁਸੀਂ ਅਥਾਰਟੀ ਦੇ ਫੈਸਲੇ ਦੀ ਅਪੀਲ ਕਰ ਸਕਦੇ ਹੋ



ਜੇ 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਇੱਕ ਬਿਨੈਕਾਰ ਵਜੋਂ ਤੁਹਾਡੇ ਅਧਿਕਾਰਾਂ ਨੂੰ ਸੀਮਤ ਕਰਨ ਦਾ ਫੈਸਲਾ ਕਰਦੇ ਹਨ ਅਤੇ ਤੁਹਾਨੂੰ ਲੱਗਦਾ ਹੈ ਕਿ ਇਹ ਅਨੁਚਿਤ ਹੈ, ਤਾਂ **ਤੁਸੀਂ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।**

ਤੁਸੀਂ ਅਪੀਲ ਕਰ ਸਕਦੇ ਹੋ ਜੇਕਰ 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼':

- ਤੁਹਾਨੂੰ ਰਿਹਾਇਸ਼ ਅਤੇ ਹੋਰ ਰਿਸੈਪਸ਼ਨ ਸਹਾਇਤਾ ਦਾ ਅਧਿਕਾਰ ਨਹੀਂ ਹੈ
- ਤੁਹਾਨੂੰ ਪ੍ਰਦਾਨ ਕੀਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨਾ
- ਇੱਕ ਖਾਸ ਭੂਗੋਲਿਕ ਖੇਤਰ ਜਾਂ ਇੱਕ ਖਾਸ ਸਥਾਨ  ਨੂੰ ਅਸਥਾਈ ਤੌਰ 'ਤੇ ਛੱਡਣ ਦੀ ਤੁਹਾਡੀ ਬੇਨਤੀ ਨੂੰ ਮਨਜ਼ੂਰੀ ਨਾ ਦੇਣ ਦਾ
- ਤੁਹਾਨੂੰ ਇੱਕ ਖਾਸ ਜਗ੍ਹਾ (ਉਦਾਹਰਣ ਵਜੋਂ ਇੱਕ ਖਾਸ ਰਿਸੈਪਸ਼ਨ ਸੈਂਟਰ ਵਿੱਚ) ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਤੁਸੀਂ ਕੁਝ ਪਾਬੰਦੀਆਂ ਨਾਲ ਬਾਹਰ ਜਾ ਸਕਦੇ ਹੋ
- ਤੁਹਾਨੂੰ ਹਿਰਾਸਤ ਵਿੱਚ ਲੈਣ ਦਾ ਫੈਸਲਾ ਕਰਦਾ ਹੈ।

ਜੇ ਤੁਸੀਂ ਅਫ਼ਸਰਾਂ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ EU+ ਦੇਸ਼ ਦੀ ਯਾਤਰਾ ਕੀਤੀ ਹੈ ਅਤੇ ਤੁਸੀਂ ਉੱਥੇ ਕੁਝ ਰਿਸੈਪਸ਼ਨ ਅਧਿਕਾਰ ਗੁਆ ਦਿੱਤੇ ਹਨ, ਤਾਂ ਤੁਸੀਂ ਉਸ ਦੇਸ਼ ਵਿੱਚ ਇਸ ਫੈਸਲੇ ਦੀ ਅਪੀਲ ਕਰ ਸਕਦੇ ਹੋ।

ਜੇਕਰ ਲਾਤਵੀਆ ਵਿੱਚ 'ਸਟੇਟ ਬਾਰਡਰ ਗਾਰਡ' ਜਾਂ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਪੰਨਾ 20 'ਤੇ ਦੱਸੇ ਗਏ ਹਾਲਾਤਾਂ ਕਰਕੇ ਤੁਹਾਨੂੰ ਮਿਲਣ ਵਾਲੀ ਰਿਸੈਪਸ਼ਨ ਸਹਾਇਤਾ ਨੂੰ ਘਟਾਉਣ ਜਾਂ ਰੱਦ ਕਰਨ ਦਾ ਫੈਸਲਾ ਕਰਦਾ ਹੈ, ਤਾਂ ਤੁਹਾਡੇ ਕੋਲ ਕੁਝ ਅਧਿਕਾਰ ਹੋਣਗੇ। ਉਦਾਹਰਨ ਲਈ, ਤੁਸੀਂ ਡਾਕਟਰ ਜਾਂ ਨਰਸ ਨੂੰ ਦਿਖਾ ਸਕੋਗੇ, ਡਾਕਟਰੀ ਸਹਾਇਤਾ ਪ੍ਰਾਪਤ ਕਰ ਸਕੋਗੇ, ਅਤੇ ਸਹਾਇਤਾ ਦੇ ਕੁਝ ਰੂਪ ਪ੍ਰਾਪਤ ਕਰ ਸਕੋਗੇ, ਜਿਵੇਂ ਕਿ ਭੋਜਨ, ਸਫਾਈ ਦਾ ਸਮਾਨ ਅਤੇ ਰਿਹਾਇਸ਼, ਜੋ ਕਿ ਅਧਿਕਾਰੀਆਂ ਦੁਆਰਾ ਨਿਰਧਾਰਤ ਕੀਤੇ ਗਏ ਹੋਣ।

ਸਹਾਇਤਾ ਦੀ ਕਿਸਮ ਤੁਹਾਡੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗੀ।

ਜਦੋਂ ਕਿਸੇ ਹੋਰ EU+ ਦੇਸ਼ ਦੇ ਅਫ਼ਸਰ ਜਿਸਦੀ ਤੁਸੀਂ ਬਿਨਾਂ ਇਜਾਜ਼ਤ ਯਾਤਰਾ ਕੀਤੀ ਸੀ, ਤੁਹਾਨੂੰ ਪ੍ਰਦਾਨ ਕੀਤੀ ਗਈ ਰਿਸੈਪਸ਼ਨ ਸਹਾਇਤਾ ਨੂੰ ਰੱਦ ਕਰਨ ਦਾ ਫੈਸਲਾ ਕਰਦੇ ਹਨ, ਤਾਂ ਤੁਹਾਨੂੰ ਅਜੇ ਵੀ ਕਿਸ ਕਿਸਮ ਦੀ ਸਹਾਇਤਾ ਮਿਲੇਗੀ ਇਹ ਤੁਹਾਡੀ ਨਿੱਜੀ ਸਥਿਤੀ ਅਤੇ ਜ਼ਰੂਰਤਾਂ 'ਤੇ ਨਿਰਭਰ ਕਰੇਗਾ।

## ਤੁਹਾਨੂੰ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ



ਜੇ ਤੁਸੀਂ ਜੱਜ ਦੇ ਸਾਹਮਣੇ ਆਪਣੇ ਰਿਸੈਪਸ਼ਨ ਅਧਿਕਾਰਾਂ ਨੂੰ ਸੀਮਤ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਸਥਿਤੀ ਦੇ ਆਧਾਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਪ੍ਰਾਪਤ ਕਰ ਸਕਦੇ ਹੋ।

ਇਸਦਾ ਮਤਲਬ ਹੈ ਕਿ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਡੀ ਮਦਦ ਕਰੇਗਾ। ਕਾਨੂੰਨੀ ਸਲਾਹਕਾਰ ਜਾਂ ਵਕੀਲ ਤੁਹਾਨੂੰ ਜੱਜ ਦੇ ਸਾਹਮਣੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੇ ਹਨ, ਤੁਹਾਡੇ ਹਿੱਤਾਂ ਦੀ ਰੱਖਿਆ ਕਰਦੇ ਹਨ ਅਤੇ ਅਧਿਕਾਰੀਆਂ ਅਤੇ ਜੱਜ ਤੋਂ ਸੁਤੰਤਰ ਹੁੰਦੇ ਹਨ।

ਤੁਸੀਂ ਆਪਣੀ ਕੀਮਤ 'ਤੇ ਇੱਕ ਕਾਨੂੰਨੀ ਸਲਾਹਕਾਰ ਜਾਂ ਵਕੀਲ ਨਾਲ ਵੀ ਸਲਾਹ ਕਰ ਸਕਦੇ ਹੋ।




'ਸਟੇਟ ਬਾਰਡਰ ਗਾਰਡ' ਅਤੇ 'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼' ਤੁਹਾਨੂੰ ਫੈਸਲੇ ਦੀ ਅਪੀਲ ਕਿਵੇਂ ਕਰਨੀ ਹੈ ਬਾਰੇ ਸੂਚਿਤ ਕਰਨਗੇ।

ਤੁਸੀਂ ਹਮੇਸ਼ਾ ਅਫ਼ਸਰਾਂ, ਗੈਰ-ਸਰਕਾਰੀ ਸੰਗਠਨਾਂ ਜਾਂ UNHCR ਤੋਂ ਵਧੇਰੇ ਜਾਣਕਾਰੀ ਲਈ ਪੁੱਛ ਸਕਦੇ ਹੋ, ਜਿਸ ਵਿੱਚ ਉਪਲਬਧ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪ੍ਰਤੀਨਿਧਤਾ ਸ਼ਾਮਲ ਹੈ।

# ਸੰਪਰਕ ਦੇ ਵੇਰਵੇ

ਜੇਕਰ ਤੁਹਾਡਾ ਕੋਈ ਸਵਾਲ ਹੈ ਜਾਂ ਤੁਹਾਨੂੰ ਆਪਣੇ ਠਹਿਰਨ ਦੌਰਾਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਇੱਥੇ ਕੰਮ ਕਰਨ ਵਾਲੇ ਸਟਾਫ ਨਾਲ ਗੱਲ ਕਰ ਸਕਦੇ ਹੋ:

## ਰਿਸੈਪਸ਼ਨ ਸੈਂਟਰ

**'ਸਟੇਟ ਬਾਰਡਰ ਗਾਰਡ**
ਪਤਾ: Rūdolfa iela 5, Riga
ਟੈਲੀਫੋਨ.: +371 67913300
ਈਮੇਲ: pasts@rs.gov.lv
https://www.rs.gov.lv/

**'ਆਫਿਸ ਆਫ ਸਿਟੀਜ਼ਨਸ਼ਿਪ ਐਂਡ ਮਾਈਗ੍ਰੇਸ਼ਨ ਅਫੇਅਰਜ਼'**
ਪਤਾ: Čiekurkalna 1. līnija 1, k-3, Riga
ਟੈਲੀਫੋਨ.: +371 67209400
ਈਮੇਲ: pasts@pmlp.gov.lv
https://www.pmlp.gov.lv/

ਇਹਨਾਂ ਨਾਲ ਸਬੰਧਤ ਸਵਾਲਾਂ ਲਈ ਤੁਸੀਂ ਇਹਨਾਂ ਸੰਗਠਨਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

## ਮੈਡੀਕਲ ਮਦਦ



**ਨੈਸ਼ਨਲ ਹੈਲਥ ਸਰਵਿਸ**
ਪਤਾ: Cēsu iela 31 k-3, entrance 6, Riga
ਟੈਲੀਫੋਨ.: +371 80001234
ਈਮੇਲ: nvd@vmnvd.gov.lv
https://www.vmnvd.gov.lv

## ਮਨੋਵਿਗਿਆਨਕ ਸਹਾਇਤਾ



**ਏਕੀਕ੍ਰਿਤ ਮੁਫ਼ਤ ਸੰਕਟ ਹੌਟਲਾਈਨ: 116 123**
ਇਹ ਬਾਲਗਾਂ ਨੂੰ ਮਨੋ-ਭਾਵਨਾਤਮਕ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਇੱਕ ਮਨੋਵਿਗਿਆਨੀ ਨਾਲ ਮੁਫ਼ਤ ਕੌਂਸਲਿੰਗ ਸੈਸ਼ਨਾਂ ਲਈ ਸਾਈਨ ਅੱਪ ਕਰਨ ਦਾ ਮੌਕਾ ਦੇਣ ਲਈ ਤਿਆਰ ਕੀਤੀ ਗਈ ਹੈ। ਇਹ ਸਹਾਇਤਾ ਲਾਤਵੀਅਨ, ਅੰਗਰੇਜ਼ੀ ਅਤੇ ਰੂਸੀ ਭਾਸ਼ਾਵਾਂ ਵਿੱਚ ਉਪਲਬਧ ਹੈ। **ਫ਼ੋਨ:** 116 123

## ਕਾਨੂੰਨੀ ਸਲਾਹ, ਸਹਾਇਤਾ ਅਤੇ ਪ੍ਰਤੀਨਿਧਤਾ



ਅਦਾਲਤੀ ਪ੍ਰਸ਼ਾਸਨ
**ਪਤਾ:** Antonijas iela 6, Riga
**ਟੈਲੀਫੋਨ.:** +371 67063800
**ਈ-ਮੇਲ:** pasts@ta.gov.lv
https://www.ta.gov.lv/

| | |
|---|---|
| **ਯੂ.ਐੱਨ.ਐੱਚ.ਸੀ.ਆਰ. (ਯੂ.ਐੱਨ. ਸ਼ਰਨਾਰਥੀ ਏਜੰਸੀ)** | ਪਤਾ: Antonijas iela 9, Riga<br>ਟੈਲੀਫੋਨ.: +46 10 101 28 00<br>ਈਮੇਲ: swest@unhcr.org<br>https://www.unhcr.org/ |
| **ਸੋਸਾਇਟੀ ਇੰਟੀਗ੍ਰੇਸ਼ਨ ਫਾਊਂਡੇਸ਼ਨ**<br><br>**ਵਨ ਸਟਾਪ ਸ਼ਾਪ** | ਵਨ ਸਟਾਪ ਸ਼ਾਪ ਗਾਹਕ ਸੇਵਾ ਕੇਂਦਰ<br>ਪਤਾ:<br>Raiņa bulvāris 15, Riga, ਟੈਲੀਫੋਨ.: +371 26959706<br>Rožu iela 6, Liepāja, ਟੈਲੀਫੋਨ.:+371 22811020<br>Ģimnāzijas iela 11, Daugavpils, ਟੈਲੀਫੋਨ.: +371 29557630<br>https://livelatvia.lv/ |
| **ਲੈਟਵੀਅਨ ਸੈਂਟਰ ਫਾਰ ਹਿਊਮਨ ਰਾਈਟਸ** | ਪਤਾ: Alberta iela 13, Riga<br>ਟੈਲੀਫੋਨ.: +371 67039290<br>ਈਮੇਲ: office@humanrights.org.lv<br>https://cilvektiesibas.org.lv/ |

ਜੇ ਤੁਹਾਨੂੰ ਕੋਈ ਡਾਕਟਰੀ ਐਮਰਜੈਂਸੀ ਹੈ ਜਾਂ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਸੀਂ ਇਸ ਐਮਰਜੈਂਸੀ ਨੰਬਰ'ਤੇ ਮੁਫ਼ਤ ਕਾਲ ਕਰ ਸਕਦੇ ਹੋ:

**ਐਮਰਜੈਂਸੀ ਡਾਕਟਰੀ ਸੇਵਾਵਾਂ ਅਤੇ ਪੁਲਿਸ: 112**

# ਮੇਰੇ ਨੋਟਸ

ਇਹ ਬਰੋਸ਼ਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਅਧਿਕਾਰ ਜਾਂ ਜ਼ਿੰਮੇਵਾਰੀਆਂ ਸਿਰਜਿਤ ਨਹੀਂ ਕਰਦਾ ਹੈ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ, ਅਤੇ ਇਸ ਬਰੋਸ਼ਰ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਲਈ ਅਧਿਕਾਰਤ ਹੈ। EUAA ਇਸ ਬਰੋਸ਼ਰ ਵਿੱਚ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਬਰੋਸ਼ਰ ਵਿੱਚ ਪਾਈ ਗਈ ਜਾਣਕਾਰੀ ਦੀ ਵਰਤੋਂ ਲਈ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025